**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਜਨਤਕ ਸੂਚਨਾ

1.0 ਹਰ ਆਮ ਅਤੇ ਖਾਸ ਦੀ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਕਿ ਸਮੇ ਸਮੇ ਸਿਰ ਸਰਵ ਸਿੱਖਿਆ ਅਭਿਆਨ ਅਥਾਰਿਟੀ ਪੰਜਾਬ, ਆਰ.ਐਮ.ਐਸ.ਏ. ਪੰਜਾਬ, ਮਿੱਡ ਡੇ ਮੀਲ ਸੈੱਲ, ਐਜੂਸੈੱਟ ਜਾਂ ਆਈ.ਸੀ.ਟੀ. ਪ੍ਰੋਜੈਕਟ ਤਹਿਤ ਵੱਖ-ਵੱਖ ਆਇਟਮਾਂ ਤੇ ਮੈਟੀਰੀਅਲ ਦੀ ਲੋੜ ਹੁੰਦੀ ਹੈ ਜਿਸ ਨੂੰ ਸਬੰਧਤ ਅਧਿਕਾਰੀ ਜਾਂ ਅਦਾਰੇ ਵੱਲੋਂ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਂਦੀ ਹੈ । ਇਹ ਆਮ ਵੇਖਣ ਵਿੱਚ ਆਇਆ ਹੈ ਕਿ ਜਿਹੜੇ ਕੰਮ ਕੋਟੇਸ਼ਨਾਂ ਰਾਹੀਂ ਕਰਵਾਉਣੇ ਹੁੰਦੇ ਹਨ, ਉਸ ਦੇ ਲਈ ਆਮ ਜਨਤਾ ਹਰੇਕ ਆਮ ਅਤੇ ਖਾਸ ਨੂੰ ਜਾਣਕਾਰੀ ਦਿੱਤੀ ਜਾਣੀ ਬੜੀ ਜ਼ਰੂਰੀ ਹੁੰਦੀ ਹੈ, ਭਾਵੇਂ ਕਿ ਹਦਾਇਤਾਂ ਮੁਤਾਬਿਕ ਥੋੜਾ ਸਮਾਨ ਖਰੀਦਣ ਲਈ ਅਖਬਾਰਾਂ ਵਿੱਚ ਟੈਂਡਰ ਦੇਣ ਦੀ ਲੋੜ ਨਹੀਂ ਹੈ । ਪਰੰਤੂ ਫਿਰ ਵੀ ਸਾਰੇ ਮਾਮਲੇ ਦੀ ਮਹੱਤਤਾਂ ਨੂੰ ਵੇਖਦਿਆਂ ਅਤੇ ਸਿਸਟਮ ਵਿੱਚ ਪਾਰਦਰਸ਼ਿਤਾਂ ਲਿਆਉਣ ਲਈ ਇਹ ਫੈਸਲਾ ਕੀਤਾ ਗਿਆ ਹੈ ਕਿ ਜਦੋ ਵੀ ਕੋਈ ਸਮਾਨ ਖਰੀਦਣ ਲਈ ਕੋਟੇਸ਼ਨਾਂ ਦੀ ਲੋੜ ਹੋਵੇ ਤਾਂ ਸਰਵ ਸਿੱਖਿਆ ਅਭਿਆਨ ਅਥਾਰਿਟੀ ਦੀ ਵੈੱਬ-ਸਾਇਟ www.ssapunjab.org ਤੇ ਅਪਲੋਡ ਕੀਤਾ ਜਾਵੇਗਾ । ਸਭ ਸਬੰਧਤਾਂ ਨੂੰ ਬੇਨਤੀ ਹੈ ਕਿ ਉਕਤ ਵੈੱਬ-ਸਾਇਟ ਨੂੰ ਸਮੇ ਸਮੇ ਸਿਰ ਵੇਖਦੇ ਰਹਿਣ ਅਤੇ ਜਦੋਂ ਵੀ ਅਦਾਰੇ ਵੱਲੋਂ ਕਿਸੀ ਕੋਟੇਸ਼ਨ ਦੀ ਮੰਗ ਕੀਤੀ ਜਾਂਦੀ ਹੈ ਤਾਂ ਤੁਰੰਤ ਨਿਯਮਾਂ ਅਨੁਸਾਰ ਅਪਲਾਈ ਕੀਤਾ ਜਾਵੇ ਤਾਂ ਜੋ ਇਕ ਪਾਰਦਰਸ਼ੀ ਤਰੀਕੇ ਨਾਲ ਸਮਾਨ ਦੀ ਖਰੀਦ ਕੀਤੀ ਜਾ ਸਕੇ ਅਤੇ ਹਰੇਕ ਨੂੰ ਮੌਕਾ ਮਿਲ ਜਾਵੇ ।

2.0 ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਨਿਯਮਾਂ ਅਨੁਸਾਰ ਜਦੋ ਵੀ ਅਖਬਾਰਾਂ ਰਾਹੀਂ ਕਿਸੇ ਟੈਂਡਰ ਨੋਟਿਸ ਦੇਣ ਦੀ ਲੋੜ ਹੋਵੇ ਤਾਂ ਅਖਬਾਰਾਂ ਵਿੱਚ ਟੈਂਡਰ ਨੋਟਿਸ ਵੀ ਦਿੱਤੇ ਜਾਣਗੇ ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**